# ਪੰਜਾਬ ਵਿਧਾਨ ਸਭਾ

## ਬਿਲ ਨੰ. 05-ਪੀਐਲਏ 2024

## ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024

ਇਕ ਬਿਲ

ਜੋ ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 ਵਿਚ ਸੋਧ ਕਰਦਾ ਹੈ।

ਇਸ ਨੂੰ ਪੰਜਾਬ ਰਾਜ ਦੇ ਵਿਧਾਨ ਦੁਆਰਾ ਭਾਰਤੀ ਗਣਤੰਤਰ ਦੇ 75ਵੇਂ ਸਾਲ ਵਿਚ ਹੇਠ ਅਨੁਸਾਰ ਲਾਗੂ ਕੀਤਾ ਜਾਂਦਾ ਹੈ।

ਸੰਖੇਪ ਸਿਰਲੇਖ ਅਤੇ ਆਰੰਭ

1. (1) ਇਸ ਐਕਟ ਨੂੰ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਐਕਟ 2024 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਲਾਗੂ ਅਤੇ ਪ੍ਰਭਾਵੀ ਹੋਵੇਗਾ।

1994 ਦੇ ਪੰਜਾਬ ਐਕਟ 19 ਦੀ ਧਾਰਾ 129 ਨੂੰ ਬਦਲਣਾ

2. ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 ਦੀ ਧਾਰਾ 129 ਦੀ ਥਾਂ ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

ਕੁੱਝ ਅਥਾਰਟੀਆਂ ਦੇ ਅਮਲੇ ਨੂੰ ਚੋਣ ਕਾਰਜ ਲਈ ਉਪਲਬਧ ਕਰਵਾਉਣਾ

"129. (1) ਉਪ ਧਾਰਾ (2) ਵਿਚ ਦਰਸਾਈਆਂ ਗਈਆਂ ਅਥਾਰਟੀਆਂ, ਲੋੜ ਪੈਣ ਤੇ ਰਾਜ ਚੋਣ ਕਮਿਸ਼ਨ ਜਾਂ ਜ਼ਿਲ੍ਹਾ ਚੋਣ ਅਧਿਕਾਰੀ ਵਲੋਂ ਮੰਗੇ ਜਾਣ ਤੇ ਕਿਸੇ ਵੀ ਰਿਟਾਰਨਿੰਗ ਅਫ਼ਸਰ ਨੂੰ ਚੋਣਾਂ ਦੇ ਸਬੰਧ ਵਿਚ ਕਿਸੇ ਵੀ ਡਿਊਟੀ ਨੂੰ ਨਿਭਾਉਣ ਲਈ ਲੋੜੀਂਦਾ ਸਟਾਫ਼ ਉਪਲਬਧ ਕਰਵਾਉਣਗੀਆਂ।

(2) ਉਪ ਧਾਰਾ (1) ਦੇ ਮੰਤਵਾਂ ਲਈ ਹੇਠ ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:-

(i) ਹਰੇਕ ਸਥਾਨਕ ਅਥਾਰਟੀ:

(ii) ਕਿਸੇ ਵੀ ਕੇਂਦਰੀ, ਸੂਬਾਈ ਜਾਂ ਰਾਜ ਐਕਟ ਅਧੀਨ ਸਥਾਪਤ ਜਾਂ ਸ਼ਾਮਲ ਕੀਤੀ ਗਈ ਹਰੇਕ ਯੂਨੀਵਰਸਿਟੀ:

(iii) ਕੰਪਨੀ ਐਕਟ, 2013 ਦੀ ਧਾਰਾ 2 ਦੀ ਕਲਾੱਜ਼ (45) ਵਿਚ ਪਰਿਭਾਸ਼ਿਤ ਕੀਤੇ ਅਨੁਸਾਰ ਇੱਕ ਸਰਕਾਰੀ ਕੰਪਨੀ: ਅਤੇ

(iv) ਕਿਸੇ ਵੀ ਕੇਂਦਰੀ, ਸੂਬਾਈ ਜਾਂ ਰਾਜ ਐਕਟ ਦੁਆਰਾ ਸਥਾਪਤ ਜਾਂ ਇਸ ਦੇ ਅਧੀਨ ਕੋਈ ਵੀ ਸੰਸਥਾਂ, ਕੰਪਨੀ ਜਾਂ ਅਦਾਰਾ ਜਾਂ ਜਿਸ ਨੂੰ ਕੇਂਦਰੀ ਜਾਂ ਰਾਜ ਸਰਕਾਰ ਵਲੋਂ ਨਿਯੰਤ੍ਰਿਤ ਕੀਤਾ ਜਾਂਦਾ ਹੋਵੇ ਜਾਂ ਪ੍ਰਤੱਖ ਤੌਰ ਤੇ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ ਤੇ ਵਿੱਤ ਪ੍ਰਦਾਨ ਕੀਤਾ ਜਾਂਦਾ ਹੋਵੇ।"

# ਉਦੇਸ਼ ਅਤੇ ਕਾਰਨਾਂ ਦੀ ਵਿਆਖਿਆ

1. ਪ੍ਰਸਤਾਵਿਤ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿੱਲ, 2024 ਦਾ ਉਦੇਸ਼ ਲੋਕ ਪ੍ਰਤੀਨਿਧਤਾ ਐਕਟ, 1991 ਦੀ ਧਾਰਾ 159 ਦੇ ਉਪਬੰਧ ਦੀ ਸਮਾਨਤਾ 'ਤੇ ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 ਦੀ ਧਾਰਾ 129 ਵਿੱਚ ਸੋਧ ਕਰਨਾ ਹੈ।

2. ਇਸ ਧਾਰਾ ਦੀ ਸੋਧ ਦਾ ਉਦੇਸ਼, ਪੰਜਾਬ ਰਾਜ ਵਿੱਚ ਮਿਉਂਸਪਲ/ਪੰਚਾਇਤ ਚੋਣ ਡਿਊਟੀਆਂ ਦੇ ਸੰਚਾਲਨ ਦੇ ਸਬੰਧ ਵਿੱਚ ਲੋੜ ਅਨੁਸਾਰ ਜ਼ਿਲ੍ਹਾ ਚੋਣ ਅਫ਼ਸਰ ਜਾਂ ਰਾਜ ਸਰਕਾਰ ਦੇ ਕਿਸੇ ਵੀ ਵਿਭਾਗ ਦੇ ਕਿਸੇ ਹੋਰ ਅਧਿਕਾਰੀ ਦੁਆਰਾ ਬੇਨਤੀ ਕੀਤੇ ਜਾਣ ਤੇ ਹਰੇਕ ਸਥਾਨਕ ਅਥਾਰਟੀ ਦੇ ਸਟਾਫ਼ ਨੂੰ ਉਪਲਬਧ ਕਰਵਾਉਣਾ ਹੈ, ਜਿਸ ਵਿੱਚ ਕੇਂਦਰੀ, ਸੂਬਾਈ ਜਾਂ ਰਾਜ ਐਕਟ ਦੁਆਰਾ ਜਾਂ ਇਸ ਦੇ ਅਧੀਨ ਸਥਾਪਿਤ ਕੀਤੀ ਗਈ ਹਰ ਯੂਨੀਵਰਸਿਟੀ, ਕੰਪਨੀਜ਼ ਐਕਟ, 2013 ਵਿੱਚ ਪਰਿਭਾਸ਼ਿਤ ਇਕ ਸਰਕਾਰੀ ਕੰਪਨੀ ਅਤੇ ਕੋਈ ਹੋਰ ਸੰਸਥਾ ਜਾਂ ਕਿਸੇ ਵੀ ਕੇਂਦਰੀ, ਸੂਬਾਈ ਜਾਂ ਰਾਜ ਐਕਟ ਦੁਆਰਾ ਸਥਾਪਤ ਜਾਂ ਇਸ ਦੇ ਅਧੀਨ ਕੋਈ ਵੀ ਸੰਸਥਾਂ, ਕੰਪਨੀ ਜਾਂ ਅਦਾਰਾ ਜਾਂ ਜਿਸ ਨੂੰ ਕੇਂਦਰੀ ਜਾਂ ਰਾਜ ਸਰਕਾਰ ਵਲੋਂ ਨਿਯੰਤ੍ਰਿਤ ਕੀਤਾ ਜਾਂਦਾ ਹੋਵੇ ਜਾਂ ਪ੍ਰਤੱਖ ਤੌਰ ਤੇ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ ਤੇ ਵਿੱਤ ਪ੍ਰਦਾਨ ਕੀਤਾ ਜਾਂਦਾ ਹੋਵੇ।

3. ਇਸ ਲਈ, ਇਹ ਬਿੱਲ ਪੇਸ਼ ਹੈ।